بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 05.11.2021

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਤਹਰੀਕੇ ਜਦੀਦ ਦੇ 87ਵੇਂ ਸਾਲ ਵਿੱਚ ਜਮਾਤ ਦੇ ਲੋਕਾਂ ਵੱਲੋਂ ਪੇਸ਼ ਕੀਤੀਆਂ ਜਾਣ ਵਾਲੀਆਂ ਆਰਥਕ ਕੁਰਬਾਨੀਆਂ ਦਾ ਜ਼ਿਕਰ ਅਤੇ 88ਵੇਂ ਸਾਲ ਦੇ ਅਰੰਭ ਦਾ ਐਲਾਨ

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 05 ਨਵੰਬਰ 2021 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ, ਟਿਲਫ਼ੋਰਡ (ਯੂ.ਕੇ.) ਵਿੱਚ ਦਿਤੱਾ

أَشْهَدُ أَنْ لَا إِلَٰهَ إِلَّا اللّٰهُ وَحْدَهُ لَا شَرِيكَ لَهُ وَأَشْهَدُ أَنَّ مُحَمَّدًا عَبْدُهُ وَرَسُولُهُ أَمَّا بعد فاعوذ بالله من الشيطٰن الرجيم۔
بِسْمِ اللّٰهِ الرَّحْمَٰنِ الرَّحِيمِ۔ اَلْحَمْدُ لِلّٰهِ رَبِّ الْعَالَمِينَ۔ الرَّحْمَٰنِ الرَّحِيمِ۔ مَالِكِ يَوْمِ الدِّينِ۔ إِيَّاكَ نَعْبُدُ وَإِيَّاكَ نَسْتَعِينُ۔ اِهْدِنَا الصِّرَاطَ الْمُسْتَقِيمَ۔ صِرَاطَ الَّذِينَ أَنْعَمْتَ عَلَيْهِمْ غَيْرِ الْمَغْضُوبِ عَلَيْهِمْ وَلَا الضَّالِّينَ۔

ਤਸ਼ਹਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅਲੱਾਹ ਤਆਲਾ ਨੇ ਮੋਮਿਨਾਂ ਦੇ ਜੋ ਵਿਸ਼ੇਸ਼ ਗੁਣ ਦੱਸੇ ਹਨ ਉਹਨਾਂ ਵਿੱਚੋਂ ਇਕ ਇਹ ਹੈ ਕਿ ਉਹ ਆਪਣੇ ਪਵਿੱਤਰ ਮਾਲ ਵਿੱਚੋਂ ਰੱਬ ਦੀ ਰਜ਼ਾ ਲਈ ਉਸਦੇ ਮਾਰਗ ਵਿੱਚ ਖ਼ਰਚ ਕਰਦੇ ਹਨ । ਅਲੱਾਹ ਤਆਲਾ ਨੇ ਕੁਰਆਨ ਕਰੀਮ ਵਿੱਚ ਕਿਤੇ ਤਾਂ ਇਹ ਫ਼ਰਮਾਇਆ ਹੈ ਕਿ ਮੋਮਿਨ ਉਹ ਹਨ ਜੋ ਰੱਬ ਦੇ ਮਾਰਗ ਵਿੱਚ ਮਾਲ ਖਰਚ ਕਰਦੇ ਹਨ, ਕਿਤੇ ਜ਼ਕਾਤ ਤੇ ਸਦਕਿਆਂ (ਦਾਨ) ਦੇ ਹਵਾਲੇ ਨਾਲ ਮਾਲੀ ਕੁਰਬਾਨੀ ਦਾ ਜ਼ਿਕਰ ਕੀਤਾ । ਇਸੇ ਪ੍ਰਕਾਰ ਇਸ ਧੰਨ ਦੀ ਵਰਤੋਂ ਬਾਰੇ ਵੀ ਵਿਸਥਾਰ ਨਾਲ ਦੱਸਿਆ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਰੱਬ ਦੀ ਤੌਹੀਦ (ਇਕ ਈਸ਼ਵਰਵਾਦ), ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਅਤੇ ਇਸਲਾਮ ਦੇ ਝੰਡੇ ਨੂੰ ਸੰਸਾਰ ਵਿੱਚ ਲਹਿਰਾਉਣ ਦਾ ਜੋ ਮਿਸ਼ਨ ਲੈਕੇ ਇਸ ਦੁਨੀਆ ਵਿੱਚ ਆਏ, ਇਸ ਮਹਾਨ ਤੇ ਵਿਸ਼ਾਲ ਕੰਮ ਨੂੰ ਸਿਰੇ ਚੜ੍ਹਾਉਣ ਲਈ ਜਮਾਤ ਦੇ ਲੋਕ ਦੁਨੀਆ ਭਰ ਵਿੱਚ ਮਾਲੀ ਕੁਰਬਾਨੀ ਦੇ ਨਮੂਨੇ ਪੇਸ਼ ਕਰਦੇ ਹਨ । ਇਹਨਾ ਉਧਾਰਣਾ ਨੂੰ ਦੇਖਕੇ ਮਨੁੱਖ ਇਸ ਵਿਸ਼ਵਾਸ਼ ਵਿੱਚ ਪਹਿਲਾਂ ਤੋਂ ਵਧੱਕੇ ਕਾਇਮ ਹੋ ਜਾਂਦਾ ਹੈ ਕਿ ਨਿਸ਼ਚੇ ਹੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਰੱਬ ਦੇ ਉਹੋ ਫ਼ਰਸਤਾਦੇ (ਸੁਧਾਰਕ) ਹਨ ਜਿੰਨ੍ਹਾ ਰਾਹੀਂ ਅੰਤਮ ਯੁੱਗ ਵਿੱਚ ਇਸਲਾਮ ਦੀ ਸੁੰਦਰ ਸਿੱਖਿਆ ਦੁਨੀਆ ਵਿੱਚ ਫੈਲਣੀ ਸੀ । ਜੇਕਰ ਅਹਮਦੀਅਤ ਦੇ ਵਿਰੋਧੀ ਕੇਵਲ ਇਸ ਨਿਸ਼ਾਨੀ ਨੂੰ ਹੀ ਆਪਣੇ ਦਿਲਾਂ ਵਿੱਚੋਂ ਕੀਨਾ ਕਢੱਕੇ ਦੇਖਣ ਤਾਂ ਅਹਮਦੀਅਤ ਦੀ ਸਚੱਾਈ ਦੀ ਇਹੋ ਨਿਸ਼ਾਨੀ ਉਹਨਾ ਦੇ ਦਿਲਾਂ ਨੂੰ ਪਾਕ ਕਰ ਸਕਦੀ ਹੈ । ਪਰ ਇਹਨਾ ਦੇ ਨਾਂ ਨਿਹਾਦ ਮੌਲਵੀਆਂ ਦਾ ਦਿਲ ਤਾਂ ਪਥੱਰਾਂ ਨਾਲੋਂ ਵੀ ਬਹੁਤੇ ਸਖ਼ਤ ਹਨ ।

ਜਮਾਤ ਅਹਮਦੀਆ ਕੋਈ ਅਰਬਪਤੀ ਲੋਕਾਂ ਦੀ ਜਮਾਤ ਨਹੀਂ, ਇਸ ਜਮਾਤ ਦੀ ਬਹੁ ਗਿਣਤੀ ਗ਼ਰੀਬਾਂ ਤੇ ਮੱਧ ਵਰਗੀ ਲੋਕਾਂ'ਤੇ ਅਧਾਰਤ ਹੈ ਪਰੰਤੂ ਇਸ ਦੇ ਹੁੰਦਿਆਂ ਹੋਇਆਂ ਵੀ ਕੁਰਬਾਨੀ ਦੀ ਇਕ ਭਾਵਨਾ ਹੈ । ਜਮਾਤ ਆਪਣੇ ਸੀਮਿਤ ਸਾਧਨਾ ਵਿੱਚ ਜਿਸ ਕੰਮ ਨੂੰ ਵੀ ਅਰੰਭ ਕਰਦੀ ਹੈ ਰੱਬ ਉਸ ਵਿੱਚ ਬਰਕਤਾਂ ਪਾਉਂਦਾ ਹੈ । ਜੱਦ ਜਮਾਤ ਵਧੱਦੀ ਹੈ ਤਾਂ ਵੱਖ ਵੱਖ ਵਿਚਾਰ ਰਖੱਣ ਵਾਲੇ, ਘੱਟ ਸੀਖ ਸਿੱਖਿਆ ਵਾਲੇ ਜਾਂ ਪੁਰਾਣੇ ਅਹਮਦੀਆਂ ਵਿੱਚੋਂ ਵੀ ਕੁਝ ਲੋਕ ਅਜਿਹੇ ਦਿਖਾਈ ਦੇ ਜਾਂਦੇ ਹਨ

ਜੋ ਇਹ ਪ੍ਰਸ਼ਨ ਕਰਦੇ ਹਨ ਕਿ ਅਸੀਂ ਚੰਦਾ ਕਿਉਂ ਤੇ ਕਿਸ ਲਈ ਦੇਈਏ । ਅਜਿਹੇ ਘਰਾਂ ਵਿੱਚ ਬੱਚਿਆਂ ਦੇ ਸਾਹਮਣੇ ਵੀ ਇਸ ਪ੍ਰਕਾਰ ਦੀਆਂ ਗਲੱਾਂ ਕਰਦੇ ਹਨ ਅਤੇ ਇਉਂ ਬੱਚਿਆਂ ਦੀ ਸੋਚ ਵਿੱਚ ਵੀ ਇਹ ਪ੍ਰਸ਼ਨ ਉਠੱਣੇ ਅਰੰਭ ਹੋ ਜਾਂਦੇ ਹਨ । ਸੋ, ਇਹ ਉਹਦੇਦਾਰਾਂ ਦਾ ਕੰਮ ਹੈ ਕਿ ਆਪਣੇ ਰਵਈਏ ਅਤੇ ਅਮਲਾਂ ਨਾਲ ਲੋਕਾਂ ਦੇ ਸ਼ੰਕਿਆਂ ਨੂੰ ਦੂਰ ਕਰਨ । ਲੋਕਾਂ ਨੂੰ ਭਰੋਸਾ ਦੁਆਉਂਣ, ਉਹਨਾ ਨੂੰ ਪਤਾ ਹੋਵੇ ਕਿ ਜੋ ਉਹ ਲੋਕ ਕੁਰਬਾਨੀ ਦੇ ਰਹੇ ਹਨ, ਇਸ ਧੰਨ ਦੀ ਇਹ ਵਰਤੋਂ ਹੈ । ਲੋਕਾਂ ਨੂੰ ਸਮਝਾਉਣ ਕਿ ਇਸ ਆਰਥਕ ਕੁਰਬਾਨੀ ਦੀ ਰੱਬ ਦੀ ਨਜ਼ਰ ਵਿੱਚ ਕਿੰਨ੍ਹੀ ਮਹਤੱਾ ਹੈ, ਇਸ ਕੁਰਬਾਨੀ ਦੇ ਬਦਲੇ ਵਿੱਚ ਉਹਨਾ ਨੂੰ ਰੱਬ ਦੀ ਰਜ਼ਾ ਹਾਸਲ ਹੁੰਦੀ ਹੈ । ਇਹ ਕੁਰਬਾਨੀਆਂ ਇਸਲਾਮ ਦੇ ਪ੍ਰਸਾਰ ਤੇ ਪ੍ਰਚਾਰ'ਤੇ ਖਰਚ ਹੁੰਦੀਆਂ ਹਨ । ਸਾਡਾ ਟੀਵੀ ਚੈਨਲ ਚੱਲ ਰਿਹਾ ਹੈ । ਮੁਬਲੱਗਾਂ ਦੀ ਸਿੱਖਿਆ ਤੇ ਉਹਨਾਂ ਰਾਹੀਂ ਪ੍ਰਚਾਰ ਉਪੱਰ ਖਰਚ ਹੁੰਦਾ ਹੈ । ਮਸਜਿਦਾਂ ਬਣ ਰਹੀਆਂ ਹਨ, ਕਿਤਾਬਾਂ ਪ੍ਰਕਾਸ਼ਤ ਹੋ ਰਹੀਆਂ ਹਨ, ਗ਼ਰੀਬ ਬੱਚਿਆਂ ਦੀ ਸਿੱਖਿਆ ਤੇ ਭੁੱਖਿਆਂ ਨੂੰ ਖਾਣਾ ਖੁਆਉਣ'ਤੇ ਇਹ ਮਾਲੀ ਕੁਰਬਾਨੀਆਂ ਖ਼ਰਚ ਹੁੰਦੀਆਂ ਹਨ ।

ਇਹ ਗੱਲ ਮੈਂ ਇਸ ਲਈ ਨਹੀਂ ਕਹੀ ਕਿ ਰੱਬ ਨ ਕਰੇ ਲੋਕਾਂ ਵਿੱਚ ਬਹੁਤ ਅਧਿਕ ਪ੍ਰਸ਼ਨ ਉਠੱਣ ਲੱਗੇ ਹਨ, ਸਗੋਂ ਇਸ ਲਈ ਦੱਸੀ ਹੈ ਕਿ ਜੱਦ ਜਮਾਤ ਫੈਲਦੀ ਤਾਂ ਫੈਲਾਓ ਕਰਕੇ ਬੁਰਾਈਆਂ ਫੈਲਾਉਂਣ ਵਾਲੇ ਅਤੇ ਸ਼ੈਤਾਨੀ ਵਸਵਸੇ ਪਾਉਣ ਵਾਲੇ ਵੀ ਆ ਜਾਂਦੇ ਹਨ ਜੋ ਉਪਦੱਰ ਮਚਾਉਂਣ ਅਤੇ ਜਾਂ ਘੱਟ ਸੀਖ ਸਿੱਖਿਆ ਵਾਲੇ ਲੋਕਾਂ ਵਿੱਚ ਸ਼ੰਕੇ ਪੈਦਾ ਕਰਨ ਦਾ ਜਤਨ ਕਰਦੇ ਹਨ । ਰੱਬ ਦਾ ਸ਼ੁਕਰ ਹੈ ਕਿ ਜਮਾਤ ਦੇ ਲੋਕ ਅਜਿਹੀ ਪੱਕੀ ਸੋਚ ਰਖੱਦੇ ਹਨ ਕਿ ਉਹਨਾ ਨੂੰ ਪਤਾ ਹੈ ਕਿ ਜਮਾਤ ਚਲਾਉਂਣ ਲਈ ਖ਼ਰਚਿਆਂ ਦੀ ਲੋੜ ਹੈ । ਇਹ ਰੱਬ ਦਾ ਹੁਕਮ ਹੈ ਕਿ ਇਸ ਦੇ ਮਾਰਗ ਵਿੱਚ ਖ਼ਰਚ ਕਰੋ ।

ਰੱਬ ਇਹਨਾ ਕੁਰਬਾਨੀਆਂ ਨੂੰ ਨਸ਼ਟ ਨਹੀਂ ਕਰਦਾ, ਇਹ ਵਾਦਾ ਹੈ ਕਿ ਉਹ ਕੁਰਬਾਨੀ ਕਰਨ ਵਾਲੇ ਨੂੰ ਉੱਥੋਂ ਰਿਜ਼ਕ ਦੇਵੇਗਾ ਅਤੇ ਦਿੰਦਾ ਹੈ ਜਿੱਥੋਂ ਆਉਣ ਦਾ ਚਿੱਤ ਚੇਤਾ ਵੀ ਨਹੀਂ ਹੁੰਦਾ । ਸੋ, ਰੱਬ ਆਪਣੇ ਵਾਦੇ ਪੂਰੇ ਕਰਦਾ ਹੈ ਅਤੇ ਜਮਾਤ ਵਿੱਚ ਅਜਿਹੀਆਂ ਅਸੰਖ ਉਧਾਰਣਾ ਮੋਜੂਦ ਹਨ ਕਿ ਆਪਣੇ ਕੋਲ ਕੁਝ ਨ ਹੁੰਦਿਆਂ ਹੋਇਆਂ ਵੀ ਜੱਦ ਰੱਬ ਦੀ ਰਜ਼ਾ ਲਈ ਖ਼ਰਚ ਕੀਤਾ ਤਾਂ ਕਿਸੇ ਨ ਕਿਸੇ ਰਾਹੀਂ ਰੱਬ ਨੇ ਪ੍ਰਬੰਧ ਕਰ ਦਿਤੱਾ । ਇਹ ਨਹੀਂ ਕਿ ਇਹ ਕੋਈ ਪੁਰਾਣੀਆਂ ਗਲੱਾਂ ਹਨ ਸਗੋਂ ਅਜਿਹੇ ਤਜਰਬੇ ਹਨ ਜਿੰਨ੍ਹਾ ਬਾਰੇ ਅੱਜ ਵੀ ਲੋਕ ਲਿਖੱਦੇ ਹਨ । ਰੱਬ ਅੱਜ ਵੀ ਮੋਮਿਨਾ ਦੇ ਇਮਾਨ ਮਜ਼ਬੂਤ ਕਰਦਾ ਹੈ ਅਤੇ ਨ ਕੇਵਲ ਕੁਰਬਾਨੀਆਂ ਕਰਨ ਵਾਲਿਆਂ'ਤੇ ਆਪਣੀ ਮਿਹਰ ਕਰਦਾ ਹੈ ਸਗੋਂ ਇਹਨਾ ਗਲੱਾਂ ਨਾਲ ਕੁਰਬਾਨੀਆਂ ਕਰਨ ਵਾਲਿਆਂ ਨਾਲ ਨੇੜਤਾ ਰਖੱਣ ਵਾਲਿਆਂ ਦੇ ਇਮਾਨ ਵੀ ਮਜ਼ਬੂਤ ਹੁੰਦੇ ਹਨ । ਅੱਜ ਮੈਂ ਅਜਿਹੀਆਂ ਹੀ ਕੁਝ ਉਧਾਰਣਾ ਪੇਸ਼ ਕਰਾਂਗਾ ।

ਇਸ ਦੇ ਬਾਦ ਹਜ਼ੂਰ ਅਨਵਰ ਨੇ ਗਿਨੀ ਕਨਾਕਰੀ, ਕੈਨੇਡਾ, ਦਖੱਣੀ ਅਫ਼ਰੀਕਾ, ਆਸਟ੍ਰੇਲੀਆ, ਕਜ਼ਾਖ਼ਸਤਾਨ, ਯੂ.ਕੇ., ਭਾਰਤ, ਬੁਰਕੀਨਾ ਫ਼ਾਸੋ, ਸੀਰਲੀਉਨ, ਗੈਬੂਨ, ਉਰਦਨ, ਬੈਲੀਜ਼, ਜ਼ੰਜਬਾਰ, ਮਰਾਕਸ਼, ਅਰਜੰਟਾਈਨ, ਲਾਇਬਾਰੀਆ, ਮਾਲੀ, ਬੈਨਿਨ ਆਦਿ ਦੇਸ਼ਾਂ ਦੇ ਪੁਰੁਸ਼ਾਂ, ਇਸਤਰੀਆਂ, ਬੁੱਢਿਆਂ, ਬੱਚਿਆਂ, ਧੰਨਵਾਨਾ ਤੇ ਗ਼ਰੀਬਾਂ, ਭਾਵ ਇਹ ਕਿ ਵੱਖ ਵੱਖ ਤਬਕਿਆਂ, ਜਾਤੀਆਂ ਤੇ ਕੌਮਾਂ ਨਾਲ ਸੰਬੰਧ ਰਖੱਣ ਵਾਲਿਆਂ ਅਹਮਦੀਆਂ ਦੀਆਂ ਕੁਰਬਾਨੀਆਂ ਦਾ ਇਮਾਨ ਵਿੱਚ ਵਾਧਾ ਕਰਨ ਵਾਲੀਆਂ ਘਟਨਾਵਾਂ ਵਰਨਣ ਕੀਤੀਆਂ । ਇਸੇ ਸੰਬੰਧੀ ਹਜ਼ੂਰ ਅਨਵਰ ਨੇ ਕਰੂਲਾਈ ਸੂਬਾ ਕੈਰਾਲਾ ਇੰਡੀਆ ਦੇ ਇਕ ਚੰਗੀ ਸਮਰਥਾ ਰਖੱਣ ਵਾਲੇ ਮਿਤੱਰ ਬਾਰੇ ਫ਼ਰਮਾਇਆ ਕਿ ਉਕਤ ਵਿਅਕਤੀ ਤਹਰੀਕੇ ਜਦੀਦ ਦੀ ਅਦਾਇਗੀ ਵਿੱਚ ਅਸਾਧਾਰਣ ਜੋਸ਼ ਵੀ ਰਖੱਦੇ ਹਨ, ਹਰ ਸਾਲ ਇਕ ਵੱਡੀ ਰਕਮ ਪੇਸ਼ ਕਰਦੇ ਹਨ । ਇਸ ਸਾਲ ਕਰੋਨਾ ਦੇ ਔਖੇ ਹਾਲਾਤ ਹੁੰਦਿਆਂ ਹੋਇਆਂ ਵੀ ਦੱਸ ਲੱਖ ਦੀ ਥਾਂ ਅਠਾਰ੍ਹਾਂ ਲੱਖ ਰੁਪਏ ਚੰਦਾ ਤਹਿਰੀਕੇ ਜਦੀਦ ਵਿੱਚ ਦਿਤੱਾ । ਭਾਵ ਇਹ ਕਿ ਹੋਰ ਵੱਡੀ ਰਕਮ ਵੀ ਦੇਣ ਦਾ ਨਿਸ਼ਚਾ ਰਖੱਦੇ ਹਨ । ਫ਼ਰਮਾਇਆ ਧਨਾਡਾਂ ਵਿੱਚ ਵੀ ਰੱਬ ਦੀ ਮਿਹਰ ਨਾਲ ਅਹਮਦੀਆਂ ਵਿੱਚ ਅਜਿਹਾ ਤਬਕਾ ਹੈ ਜੋ ਕੁਰਬਾਨੀ ਦੀ ਭਾਵਨਾ ਰਖੱਦਾ ਹੈ ਅਤੇ ਜੋ ਪੈਸੇ ਆਉਂਦੇ ਹਨ ਲੁਕਾਉਂਦੇ ਨਹੀਂ ਸਗੋਂ ਰੱਬ ਦੇ ਮਾਰਗ ਵਿੱਚ ਖ਼ਰਚ ਕਰਨ ਦਾ ਜਤਨ ਕਰਦੇ ਹਨ ।

ਫਿਰ ਗਿਨੀ ਕਨਾਕਰੀ ਦਾ ਰੀਜਨ ਹੈ ਬੋਕੇ, ਉੱਥੋਂ ਦੇ ਪਿੰਡ ਦੇ ਇਕ ਮਿਸ਼ਨਰੀ ਕਹਿੰਦੇ ਹਨ । ਇਕ ਭਲੇ ਅਹਮਦੀ ਮਿਤੱਰ ਹਨ ਜਿਬਰੀਲ ਸਾਹਬ, ਜੋ ਕਿੱਤੇ ਦੇ ਪੱਖੋਂ ਤਰਖਾਣ ਹਨ, ਜੱਦ ਉਹਨਾ ਨੂੰ ਚੰਦਾ ਦੇਣ ਲਈ ਧਿਆਨ ਦੁਆਇਆ ਗਿਆ ਤਾਂ ਉਹਨਾ ਨੇ ਕਿਹਾ ਕਿ ਮੈਂ ਅੱਜ ਦੇ ਖ਼ਰਚਿਆਂ ਲਈ 20 ਹਜ਼ਾਰ ਫ਼ਰਾਂਕ ਰੱਖੇ ਹੋਏ ਸਨ ਉਹ ਮੈਂ ਸਾਰੇ ਚੰਦੇ ਵਿੱਚ ਦਿੰਦਾ ਹਾਂ, ਹੁਣ ਇਸ ਤੋਂ ਬਿਨਾ ਸਾਡੇ ਕੋਲ ਕੁਝ ਨਹੀਂ ਹੈ, ਪਰ ਦੁਆ ਹੈ ਕਿ ਰੱਬ ਸਾਡੀ ਕੁਰਬਾਨੀ ਅਵਸ਼ ਕੁਬੂਲ ਕਰੇ । ਜਿਬਰੀਲ ਸਾਹਬ ਦਸੱਦੇ ਹਨ ਕਿ ਪਿਛੱਲੇ ਤਿੰਨ੍ਹਾ ਮਹੀਨਿਆਂ ਤੋਂ ਉਹਨਾ ਦੇ ਇਕ ਲਕੱੜ ਦਾ ਬੈਡ ਤਿਆਰ ਕਰਕੇ ਵੇਚਣ ਲਈ ਰੱਖਿਆ ਹੋਇਆ ਸੀ, ਪਰ ਕੋਈ ਖ਼ਰੀਦਾਰ ਨਹੀਂ ਆ ਰਿਹਾ ਸੀ । ਚੰਦਾ ਦੇਣ ਦੇ ਕੁਝ ਚਿਰ ਬਾਦ ਹੀ ਇਕ ਵਿਕਤੀ ਬੈਡ ਖ਼ਰੀਦਣ ਲਈ ਆ ਗਿਆ ਅਤੇ ਉਸ ਨੇ ਇਕ ਮਿਲਿਯਨ ਤੇ ਪੰਜ ਲੱਖ ਫ਼ਰਾਂਕ ਵਿੱਚ ਉਹ ਖ਼ਰੀਦ ਲਿਆ । ਇਸ'ਤੇ ਜਿਬਰੀਲ ਸਾਹਬ ਨੇ ਝੱਟ ਸਾਡੇ ਮਿਸ਼ਨਰੀ ਨੂੰ ਫ਼ੋਨ ਕੀਤਾ ਕਿ ਰੱਬ ਨੇ ਨ ਕੇਵਲ ਸਾਡੀ ਕੁਰਬਾਨੀ ਨੂੰ ਕੁਬੂਲ ਕੀਤਾ ਹੈ ਸਗੋਂ ਕਈ ਗੁਣਾ ਵਧਾਕੇ ਉਸਨੇ ਸਾਨੂੰ ਪਰਤਾ ਵੀ ਦਿਤੱਾ ਹੈ ਅਤੇ ਇਹ ਗੱਲ ਉਹ ਆਪਣੇ ਮਿਤੱਰਾਂ ਨੂੰ ਵੀ ਦਸੱਦੇ ਹਨ ਤਾਂ ਜੋ ਉਹਨਾ ਦੇ ਇਮਾਨ ਵੀ ਮਜ਼ਬੂਤ ਹੋਣ ।

ਫਿਰ ਬੱਚਿਆਂ ਦੀ ਕੁਰਬਾਨੀ ਦਾ ਇਕ ਹੋਰ ਤੇ ਨਿਰਾਲਾ ਦ੍ਰਿਸ਼ ਹੈ ਇਸ ਬਾਰੇ ਤਨਜ਼ਾਨੀਆ, ਸਮੋਏ ਦੇ ਮੁਅਲੱਮ ਲਿਖੱਦੇ ਹਨ ਕਿ ਜਮਾਤ ਵਿੱਚ ਤਿੰਨ੍ਹ ਬੱਚੇ ਹਨ ਜੋ ਚੋਥੀ ਜਮਾਤ ਵਿੱਚ ਪੜ੍ਹਦੇ ਹਨ, ਬਕਾਇਦਗੀ ਨਾਲ ਮਸਜਿਦ ਵਿੱਚ ਸੀਖ ਸਿੱਖਿਆ ਦੀਆਂ ਕਲਾਸਾਂ ਵਿੱਚ ਭਾਗ ਲੈਂਦੇ ਹਨ । ਤਿੰਨ੍ਹਾ ਬੱਚਿਆਂ ਦੇ ਘਰਾਣੇ ਆਰਥਕ ਪੱਖੋਂ ਗ਼ਰੀਬ ਹਨ । ਕੋਈ ਪੱਕੀ ਆਮਦਨੀ ਦਾ ਸਾਧਨ ਨਹੀਂ । ਪਿਛਲੇ ਮਹੀਨਿ ਤੋਂ ਇਹ ਆਪੋ ਵਿੱਚ ਮੁਕਾਬਲਾ ਕਰਦੇ ਸਨ ਅਤੇ ਮੁਕਾਬਲੇ ਵਿੱਚ ਚੰਦਾ ਤਹਿਰੀਕੇ ਜਦੀਦ ਦੇਣ ਵਿੱਚ ਦੌੜ ਲੱਗੀ ਹੋਈ ਸੀ । ਹਰ ਇਕ ਵੱਖਰਿਆਂ ਆਪਣਾ ਚੰਦਾ ਲਿਆਉਂਦਾ ਸੀ ਅਤੇ ਜਤਨ ਕਰਦਾ ਸੀ ਕਿ ਜਿੰਨ੍ਹੀ ਵੀ ਰਕਮ ਉਸ ਦੇ ਕੋਲ ਮੌਜੂਦ ਹੈ ਉਹ ਦੇ ਦੇਵੇ ਅਤੇ ਇਸ ਪ੍ਰਕਾਰ ਉਹਨਾ ਵਿਚੋਂ ਕਿਸੇ ਨੇ ਪੰਜ ਸੋ, ਕਿਸੇ ਨੇ ਚਾਰ ਸੋ ਤੇ ਸੱਤ ਸੋ ਸ਼ਿਲੰਗ ਜੋ ਵੀ ਓਹਨਾ ਕੋਲ ਸੀ ਦਿਤੱਾ । ਕਹਿੰਦੇ ਹਨ ਕਿ ਜੱਦ ਮੈਂ ਇਕ ਵਾਰ ਉਹਨਾ ਨੂੰ ਪੁੱਛਿਆ ਕਿ ਤੁਸੀਂ ਇਹ ਚੰਦਾ ਤਹਿਰੀਕੇ ਜਦੀਦ ਲਈ ਪੈਸੇ ਕਿੱਥੋਂ ਲਿਆਉਂਦੇ ਹੋ ਤਾਂ ਇਕ ਨੇ ਦੱਸਿਆ ਕਿ ਉਹ ਆਪਣੀ ਮਾਂ ਨਾਲ ਜੰਗਲ ਵਿੱਚ ਲਕੜਾਂ ਕਟੱਣ ਵਿੱਚ ਸਹਾਇਤਾ ਕਰਦਾ ਹੈ ਅਤੇ ਜੇਬ ਖ਼ਰਚੇ ਦੇ ਰੂਪ ਵਿੱਚ ਜੋ ਪੈਸੇ ਮਿਲਦੇ ਹਨ ਉਸ ਵਿੱਚੋਂ ਚੰਦਾ ਤਹਿਰੀਕੇ ਜਦੀਦ ਲਈ ਰਖੱ ਲੈਂਦਾ ਹਾਂ ਅਤੇ ਕਹਿੰਦੇ ਹਨ ਕਿ ਜੱਦ ਤੋਂ ਚੰਦਾ ਦੇਣਾ ਸ਼ੁਰੂ ਕੀਤਾ ਹੈ ਸਾਨੂੰ ਛੇਤੀ ਹੀ ਲਕੜਾਂ ਦੇ ਗਾਹਕ ਮਿਲ ਜਾਂਦੇ ਹਨ ਅਤੇ ਕਦੇ ਨੁਕਸਾਨ ਨਹੀਂ ਹੋਇਆ । ਦੂਜੇ ਬੱਚੇ ਨੇ ਦੱਸਿਆ ਕਿ ਉਹ ਆਪਣੇ ਜੇਬ ਖ਼ਰਚੇ ਵਿੱਚੋਂ ਚੰਦੇ ਲਈ ਵਖੱਰੀ ਰਕਮ ਕਢੱਦਾ ਹੈ ਅਤੇ ਤੀਜੇ ਬੱਚੇ ਨੇ ਦੱਸਿਆ ਕਿ ਉਸਦੇ ਘਰ ਦੇ ਨੇੜਲੇ ਰੁਖੱਾਂ'ਤੇ ਫਲ ਆਦਿ ਲਗੱਦੇ ਹਨ, ਕਦੇ ਕਦਾਈਂ ਆਪਣੇ ਖਾਣ ਜੋਗੇ ਫ਼ਲਾ ਤੋਂ ਵੱਧ ਫਲਾ ਨੂੰ ਵੇਚ ਵੀ ਦਿੰਦਾ ਹੈ ਜਿਸ ਤੋਂ ਪ੍ਰਾਪਤ ਹੋਣ ਵਾਲੀ ਰਕਮ ਨਾਲ ਚੰਦਾ ਦੇ ਦਿੰਦਾ ਹੈ । ਇਹਨਾ ਤਿੰਨ੍ਹਾ ਬੱਚਿਆਂ ਨੇ ਚੰਦੇ ਦੀਆਂ ਬਰਕਤਾਂ ਵੀ ਵਰਨਣ ਕੀਤੀਆਂ ਕਿਵੇਂ ਚੰਦਾ ਦੇਣ ਨਾਲ ਉਹਨਾਂ ਦੇ ਜੀਵਨ ਵਿੱਚ ਸ਼ਾਤੀ ਅਨੁਭਵ ਹੁੰਦੀ ਹੈ । ਅਲੱਾਹ ਤਆਲਾ ਇਹਨਾ ਬੱਚਿਆ ਨੂੰ ਇਮਾਨ ਤੇ ਨੇਕੀ ਵਿੱਚ ਵਧਾਉਂਦਾ ਚਲਾ ਜਾਏ । ਇਹ ਹੈ ਇਮਾਨ ਜਿਸ ਤੋਂ ਸਾਡੇ ਬੱਚੇ ਵੀ ਆਨੰਦ ਮਾਣਦੇ ਹਨ ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇਹ ਉਹ ਇਨਕਲਾਬ ਜੋ ਲੋਕਾਂ ਵਿੱਚ ਪੈਦਾ ਹੋ ਰਿਹਾ ਹੈ । ਅਲੱਾਹ ਤਆਲਾ ਸਾਡੇ ਵਿੱਚੋਂ ਹਰ ਇਕ ਨੂੰ ਇਸਲਾਮ ਦੇ ਪ੍ਰਸਾਰ ਲਈ ਕੁਰਬਾਨੀਆਂ ਕਰਨ ਦਾ ਸੰਜੋਗ ਪ੍ਰਦਾਨ ਕਰੇ ਅਤੇ ਆਪਣੀ ਪਾਕ ਕਮਾਈ ਵਿੱਚ ਕੁਰਬਾਨੀ ਕਰਨ ਵਾਲੇ ਹੋਣ । ਰੱਬ ਨੇੜੇ ਇਹ ਕੁਰਬਾਨੀਆਂ ਮਕਬੂਲ ਵੀ ਹੋਣ ਅਤੇ ਰੱਬ ਸਾਡੇ ਕੋਲੋਂ ਰਾਜ਼ੀ ਹੋਵੇ ।

ਤਹਿਰੀਕੇ ਜਦੀਦ ਦੇ 87ਵੇਂ ਵਰ੍ਹੇ ਦੇ ਅੰਤ ਵਿੱਚ ਅੰਤਰ ਰਾਸ਼ਟਰੀ ਅਹਮਦੀਆ ਮੁਸਲਿਮ ਜਮਾਤ ਨੂੰ ਵਿੱਤੀ ਵਰ੍ਹੇ ਦੌਰਾਨ ਇਸ ਆਰਥਕ ਵਿਵਸਥਾ ਵਿੱਚ 15.3 ਮਿਲੀਯਨ ਪਾਉਂਡ ਕੁਰਬਾਨੀ ਪੇਸ਼ ਕਰਨ ਦੀ ਤੌਫ਼ੀਕ ਮਿਲੀ । ਇਹ ਵੁਸੂਲੀ ਦੇ ਪੱਖੋਂ

ਪਿਛਲੇ ਸਾਲ ਦੇ ਟਾਕਰੇ ਵਿੱਚ ਅੱਠ ਲੱਖ ਵੀਹ ਹਜ਼ਾਰ ਪਾਊਂਡ ਬਹੁਤੀ ਹੈ । ਇਸ ਦੇ ਨਾਲ ਹੀ ਹਜ਼ੂਰ ਅਨਵਰ ਨੇ ਤਹਿਰੀਕੇ ਜਦੀਦ ਦੇ 88ਵੇਂ ਸਾਲ ਦੇ ਅਰੰਭ ਹੋਣ ਦਾ ਵੀ ਐਲਾਨ ਕੀਤਾ ।

ਇਸ ਸਾਲ ਜਰਮਨੀ ਦੁਨੀਆ ਭਰ ਦੀਆਂ ਜਮਾਤਾਂ ਵਿੱਚੋਂ ਪ੍ਰਤੱਖ ਰੂਪ ਵਿੱਚ ਮੋਹਰੇ ਹੈ । ਪਾਸਿਤਾਨ ਦਾ ਜ਼ਿਕਰ ਕਰਦਿਆਂ ਹੋਇਆਂ ਸਯੱਦਨਾ ਅਮੀਰੁਲ ਮੋਮਿਨੀ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ ਕਿ ਪਾਕਿਸਤਾਨ ਦੀ ਆਰਥਕ ਅਵਸਥਾ ਖ਼ਰਾਬ ਹੈ । ਇਸ ਤੋਂ ਬਿਨਾ ਉਂਝ ਵੀ ਔਕੁੜਾਂ ਵਿੱਚ ਗ੍ਰਿਸੇ ਹੋਏ ਹਨ । ਉਹ ਲੋਕ ਕੁਰਬਾਨੀਆਂ ਵਿੱਚ ਤਾਂ ਵਧੇ ਹੋਏ ਹਨ । ਉਹਨਾ ਲਈ ਦੁਆ ਕਰੋ । ਰੱਬ ਉਹਨਾਂ ਦੀਆਂ ਪਰੇਸ਼ਾਨੀਆਂ ਦੂਰ ਕਰੇ ਅਤੇ ਉਹ ਵੀ ਅਜ਼ਾਦੀ ਨਾਲ ਆਪਣੇ ਸਾਰੇ ਸਮਾਰੋਹ, ਜਲਸੇ ਤੇ ਹੋਰ ਸਰਗਰਮੀਆਂ ਪੂਰੀਆਂ ਕਰ ਸਕਣ । ਖੁਲੱਕੇ ਅਸੀਂ ਇਹਨਾ ਕੁਰਬਾਨੀਆਂ ਦਾ ਪ੍ਰਗਟਾਵਾ ਕਰ ਸਕੀਏ । ਇਸ ਸਮੇਂ ਤਾਂ ਕੁਝ ਮਜਬੂਰੀਆਂ ਕਰਕੇ ਇਹਨਾ ਕੁਰਬਾਨੀਆਂ ਦਾ ਜ਼ਿਕਰ ਵੀ ਨਹੀਂ ਕੀਤਾ ਜਾ ਸਕਦਾ । ਇਸ ਸਾਲ ਦੁਨੀਆ ਭਰ ਦੀਆਂ ਜਮਾਤਾਂ ਵਿੱਚੋਂ ਜਰਮਨੀ ਸਭ ਤੋਂ ਮੋਹਰੇ ਰਿਹਾ । ਫਿਰ ਬਰਤਾਨੀਆ, ਅਮਰੀਕਾ, ਕੈਨੇਡਾ, ਫਿਰ ਮਿਡਲ ਈਸਟ (ਮੱਦ ਪੂਰਬ) ਦਾ ਇਕ ਦੇਸ਼, ਭਾਰਤ, ਆਸਟ੍ਰੇਲੀਆ, ਇੰਡੋਨੇਸ਼ੀਆ, ਘਾਨਾ, ਅਤੇ ਫਿਰ ਮੱਧ ਪੂਰਬ ਦਾ ਇਕ ਹੋਰ ਦੇਸ਼ ਸ਼ਾਮਲ ਹੈ ।

ਭਾਗ ਲੈਂਣ ਵਾਲਿਆਂ ਵਿੱਚ ਵਾਧਾ ਕਰਨ ਦੇ ਪੱਖੋਂ ਅਫ਼ਰੀਕੀ ਦੇਸ਼ ਨਾਇਜੀਰੀਆ ਨੰਬਰ ਇਕ’ਤੇ ਹੈ, ਫਿਰ ਗੈਂਬੀਆ, ਸੈਨੇਗਾਲ, ਘਾਨਾ, ਤਨਜ਼ਾਨੀਆ, ਗਿਨੀ ਕਨਾਕਰੀ, ਮਲਾਵੀ, ਯੂਗੰਡਾ, ਗਿਨੀ ਬਸਾਓ, ਕੌਂਗੋ ਕੰਸ਼ਾਸਾ, ਬੁਰਕੀਨਾ ਫ਼ਾਸੋ ਅਤੇ ਫਿਰ ਕਾਂਗੋਬ੍ਰਜ਼ਾਵੇਲ ਦਾ ਨੰਬਰ ਹੈ ।

ਭਾਗ ਲੈਂਣ ਵਾਲਿਆਂ ਵਿੱਚ ਵੱਧੇ ਦੇ ਪੱਖੋਂ ਅਫ਼ਰੀਕੀ ਦੇਸ਼ਾਂ ਤੋਂ ਬਿਨਾ ਜਰਮਨੀ, ਬਰਤਾਨੀਆਂ, ਹਾਲੈਂਡ, ਬੰਗਲਾਦੇਸ਼ ਅਤੇ ਮਾਰੇਸ਼ਸ ਵਿੱਚ ਵਾਹਵਾ ਗਿਣਤੀ ਵਿੱਚ ਵਾਧਾ ਹੋਇਆ ਹੈ ।

ਸਾਮੂਹਿਕ ਰੂਪ ਵਿੱਚ ਵੁਸੂਲੀ ਦੇ ਪੱਖੋਂ ਭਾਰਤ ਦੀਆਂ ਪਹਿਲੀ ਦੱਸ ਜਮਾਤਾਂ ਕੁਝ ਇਉਂ ਹਨ : ਕਾਦੀਆਂ ਨੰਬਰ ਇਕ, ਕੋਇੰਬਟੂਰ, ਹੈਦਰਾਬਾਦ, ਕਰੋਲਾਈ, ਪਿਥਮਪਰਮ, ਕੋਲਕਤੱਾ, ਬੰਗਲੋਰ, ਕੇਰੰਗ, ਕਾਲੀਕੱਟ ਅਤੇ ਮੇਲਾਪਾਲਮ ।

ਕੁਰਬਾਨੀ ਦੇ ਪੱਖੋਂ ਭਾਰਤ ਦੇ ਸੂਬਿਆਂ ਵਿੱਚ ਕੈਰਾਲਾ, ਤਾਮਿਲ ਨਾਡੂ, ਜੰਮੂ ਕਸ਼ਮੀਰ, ਕਰਨਾਟਕ, ਤਿਲੰਗਾਨਾ, ਉਡੀਸਾ, ਪੰਜਾਬ, ਬੰਗਾਲ, ਦਿੱਲੀ ਅਤੇ ਲਕਸ਼ਦ੍ਵੀਪ ।

ਕਜ਼ੂਰ  ਅਨਵਰ ਨੇ ਸਾਰਿਆਂ ਕੁਰਬਾਨੀ ਪੇਸ਼ ਕਰਨ ਵਾਲਿਆਂ ਲਈ ਦੁਆ ਕੀਤੀ ਕਿ ਰੱਬ ਸਾਰਿਆਂ ਦੇ ਧੰਨਮਾਲ ਤੇ ਸੰਤਾਨਾ ਵਿੱਚ ਅਥਾਹ ਵਾਧਾ ਤੇ ਬਰਕਤਾਂ ਪਾਏ ਅਤੇ ਕੁਰਬਾਨੀਆਂ ਨੂੰ ਕੁਬੂਲ ਕਰੇ ।

اَلْحَمْدُلِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ
یُّضْلِلْہُ فَلَا ھَادِیَ لَہٗ وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ. عِبَادَ اللّٰہِ رحمکم اللّٰہ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی
وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ.

**Khulasa Khutba Jumma  05.11.2021**

Delivered By    :  Hadhrat Khalifatul Masih Vth (atba)
Summarized by :  Majlis Ansarullah Bharat
Tarnslated by    :  Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131